ਤੁਰੰਤ ਰਿਲੀਜ ਲਈ

# ਪਰਫੌਰਮਿੰਗ ਆਰਟਸ ਬ੍ਰੈਂਪਟਨ ਇਸ ਗਰਮੀ ਲਾਈਵ ਸੰਗੀਤ, ਥਿਏਟਰ ਅਤੇ ਕਲਚਰ ਦੀ ਪੇਸ਼ਕਸ਼ ਕਰ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (23 ਜੂਨ, 2022) – ਸਿਟੀ ਆਫ ਬ੍ਰੈਂਪਟਨ ਇਸ ਗਰਮੀ, ਗਾਰਡਨ ਸਕਵੇਅਰ (Garden Square) ਅਤੇ ਦ ਰੋਜ ਬ੍ਰੈਂਪਟਨ (The Rose Brampton), ਦੋਵਾਂ ਵਿੱਚ ਇਸ ਗਰਮੀ ਦਾ ਅਨੰਦ ਮਾਣਨ ਲਈ ਸਾਰਿਆਂ ਲਈ, ਲਾਈਵ ਸੰਗੀਤ, ਥਿਏਟਰੀਕਲ ਮਨੋਰੰਜਨ ਅਤੇ ਕਲਚਰ ਦੀ ਪੇਸ਼ਕਸ਼ ਕਰਨ ਲਈ ਉਤਸ਼ਾਹਿਤ ਹੈ।

ਪਰਫੌਰਮਿੰਗ ਆਰਟਸ ਬ੍ਰੈਂਪਟਨ (Performing Arts Brampton), ਹੇਠਾਂ ਲਿਖੇ ਸ਼ੋਅਜ ਦੀ ਮੇਜਬਾਨੀ ਕਰ ਰਿਹਾ ਹੈ:

**ਟੇਲਸ ਆਫ ਐਨ ਅਰਬਨ ਇੰਡੀਅਨ (Tales of an Urban Indian)**
24 ਅਤੇ 25 ਜੂਨ, ਦੁਪਹਿਰ ਬਾਅਦ 2 ਵਜੇ ਅਤੇ ਰਾਤ 8 ਵਜੇ ਤੱਕ

ਟੇਲਸ ਆਫ ਐਨ ਅਰਬਨ ਇੰਡੀਅਨ ਵਿੱਚ, ਸਿਮੋਨ ਡਗਲਸ (Simon Douglas) ਦੇ ਅਸੰਭਾਵੀ ਸਫਰ ਤੇ ਸਾਡੇ ਨਾਲ ਜੁੜੋ। ਡੈਰੇਲ ਡੇਨਿਸ (Darrell Dennis) ਵੱਲੋਂ ਲਿਖਿਆ ਗਿਆ, ਇਹ ਇਨੋਵੇਟਿਵ ਵਨ-ਮੈਨ ਸ਼ੋਅ, ਸਾਨੂੰ ਇੱਕ ਇੰਡੀਜੀਨਸ ਵਿਅਕਤੀ ਦੀ ਕਹਾਣੀ ਸੁਣਾਉਂਦਾ ਹੈ, ਜੋ ਨੌਰਦਰਨ ਬ੍ਰਿਟਿਸ਼ ਕੋਲੰਬੀਆ (Northern British Columbia) ਦੇ ਰਿਜਰਵ ਅਤੇ ਸਿਟੀ ਆਫ ਵੈਨਕੂਵਰ (City of Vancouver), ਦੋਵਾਂ ਵਿੱਚ ਪਲ ਕੇ ਵੱਡਾ ਹੋਇਆ। ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਚੱਲਦੀ ਬੱਸ ਤੇ ਸੈੱਟ ਸ਼ੋਅ ਵਿੱਚ, ਦਰਸ਼ਕ ਸਿਮੋਨ ਦੇ ਜੀਵਿਤ ਰਹਿਣ ਅਤੇ ਉਮੀਦ ਦੀ ਕਹਾਣੀ ਵਿੱਚ ਖੋ ਜਾਣਗੇ। 40 ਕਿਰਦਾਰਾਂ ਦੀ ਭੂਮਿਕਾ ਦੇ ਨਾਲ, ਦਰਸ਼ਕ ਸਿਮੋਨ ਦੀ ਅੱਖਾਂ ਨਾਲ ਦੁਨੀਆ ਦੇਖਣਗੇ। 500 ਤੋਂ ਵੱਧ ਪਰਫੌਰਮੈਂਸੇਜ ਦਾ ਜਸ਼ਨ ਮਨਾਉਂਦੇ ਹੋਏ, ਇਹ ਸੈਮੀ-ਆਟੋਬਾਇਓਗ੍ਰਾਫਿਕਲ ਪਲੇ ਦਰਸ਼ਕਾਂ ਨੂੰ ਆਪਣੇਪਣ, ਪਛਾਣ ਅਤੇ ਸਵੀਕ੍ਰਿਤੀ ਦੀ ਭਾਲ ਵਿੱਚ ਲੈ ਜਾਂਦਾ ਹੈ।

**ਬ੍ਰੈਂਪਟਨਸ ਔਨ ਸ਼ੈਕਸਪੀਅਰ ਸ਼ੋ – ਮਚ ਐਡੋ ਅਬਾਊਟ ਨਥਿੰਗ (Brampton's Own Shakespeare Show - Much Ado About Nothing)**
ਹਰੇਕ ਵੀਰਵਾਰ ਨੂੰ ਚਿੰਗਕੂਜ਼ੀ ਪਾਰਕ (Chinguacousy Park) ਵਿਖੇ: 28 ਜੁਲਾਈ, 4 ਅਤੇ 11 ਅਗਸਤ, ਸ਼ਾਮ 7:30 ਵਜੇ
ਹਰੇਕ ਸ਼ੁੱਕਰਵਾਰ ਨੂੰ ਮਾਊਂਟ ਪਲੈਜ਼ੈਂਟ ਸਕਵੇਅਰ (Mount Pleasant Square) ਵਿਖੇ: 29 ਜੁਲਾਈ, 5 ਅਤੇ 12 ਅਗਸਤ, ਸ਼ਾਮ 7:30 ਵਜੇ
ਹਰੇਕ ਸ਼ਨੀਵਾਰ ਨੂੰ ਕੇਨ ਵ੍ਹਿਲੈਨਸ ਸਕਵੇਅਰ (Ken Whillans Square) ਵਿਖੇ: 30 ਜੁਲਾਈ, 6 ਅਤੇ 13 ਅਗਸਤ, ਸ਼ਾਮ 7:30 ਵਜੇ

ਲੂਈ ਦ ਗੋਟ ਪ੍ਰੋਡਕਸ਼ਨਸ (Louie the Goat Productions) ਅਤੇ ਪਰਫੌਰਮਿੰਗ ਆਰਟਸ ਬ੍ਰੈਂਪਟਨ ਵੱਲੋਂ ਪੇਸ਼ ਕੀਤੀ ਜਾਣ ਵਾਲੀ, ਪ੍ਰਸ਼ੰਸਕਾਂ ਦੀ ਮਨਪਸੰਦ ਕਾੱਮੇਡੀ ਦਾ, ਹਰ ਉਮਰ ਦੇ ਦਰਸ਼ਕ ਆਨੰਦ ਮਾਣਨਗੇ, ਜਿੱਥੇ ਸ਼ਾਨਦਾਰ ਚੀਜ਼ਾਂ ਹੁੰਦੀਆਂ ਹਨ। ਜਦੋਂ ਮੇਸਿਨਾ (Messina) ਸ਼ਹਿਰ ਹੀਰੋ (Hero) ਅਤੇ ਕਲੋਡਿਓ (Claudio) ਦੇ ਵਿਆਹ ਦੀ ਤਿਆਰੀ ਕਰ ਰਿਹਾ ਹੁੰਦਾ ਹੈ, ਤਾਂ ਪ੍ਰਿੰਸ ਦੇ ਆਦਮੀ ਅਤੇ ਲਿਓਨਾਟੋ (Leonato) ਦਾ ਪਰਿਵਾਰ, ਲੰਮੇ ਸਮੇਂ ਦੇ ਦੁਸ਼ਮਣਾਂ ਬੀਟਰਾਈਸ (Beatrice) ਅਤੇ ਬੇਨੇਡਿਕ (Benedick) ਦਾ ਪਿਆਰ ਪਰਵਾਨ ਚੜ੍ਹਾ ਕੇ, ਕਾਮਦੇਵ ਦੀ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਦੌਰਾਨ, ਪ੍ਰਿੰਸ ਦਾ ਭਰਾ ਇਹ ਸਭ ਕੁਝ ਬਰਬਾਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਬ੍ਰੈਂਪਟਨ ਦੀਆਂ ਤਿੰਨ ਆਊਟਡੋਰ ਥਾਵਾਂ ਵਿੱਚ ਪਰਫੌਰਮ ਕਰਦੇ ਅਤੇ ਲੋਕਲ ਐਕਟਰਾਂ ਦੀ ਕਾਸਟ ਨੂੰ ਪੇਸ਼ ਕਰਦੇ ਹੋਏ, ਇਹ ਪ੍ਰੋਡਕਸ਼ਨ ਬ੍ਰੈਂਪਟਨ ਦੇ ਮੋਜੈਕ ਨੂੰ ਦਰਸਾਉਂਦਾ ਹੈ। ਕੁਰਸੀ ਜਾਂ ਕੰਬਲ ਲਵੋ ਅਤੇ ਇਸ ਕਲਾਸਿਕ, ਪਰਿਵਾਰ-ਅਨੁਕੂਲਿਤ ਕਾੱਮੇਡੀ ਵਿੱਚ ਹੱਸੋ ਅਤੇ ਰੋਵੋ।

**8ਵੀਂ ਸਾਲਾਨਾ ਈਸਟ ਕੋਸਟ ਕਿਚਨ ਪਾਰਟੀ (8th Annual East Coast Kitchen Party)**

9 ਜੁਲਾਈ, ਦੁਪਹਿਰ ਬਾਅਦ 2 ਵਜੇ ਤੋਂ ਰਾਤ 8 ਵਜੇ ਤੱਕ

ਸਾਰਿਆਂ ਮੈਰੀਟਾਈਮਰਸ (Maritimers) ਅਤੇ ਮੇਨਲੈਂਡਰਸ (Mainlanders) – ਅਤੇ ਉਹਨਾਂ ਸਾਰਿਆਂ, ਜੋ ਇਸ ਬਾਰੇ ਉਤਸੁਕ ਹਨ – ਨੂੰ ਈਸਟ ਕੋਸਟ ਕਿਚਨ ਪਾਰਟੀ ਵਿੱਚ ਈਸਟ ਕੋਸਟ (East Coast) ਦੇ ਕਲਚਰ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾ ਰਿਹਾ ਹੈ, ਇਸਨੂੰ ਟੋਰੋਂਟੋ ਪੀਅਰਸਨ (Toronto Pearson), ਟੀ.ਡੀ. (TD), ਨੋ ਫਰਿਲਸ (No Frills) ਅਤੇ ਟਿਮ ਹੋਰਟਨਸ (Tim Hortons) ਵੱਲੋਂ ਪ੍ਰਾਯੋਜਿਤ ਕੀਤਾ ਜਾ ਰਿਹਾ ਹੈ।

ਓਲਡ ਮੈਨ ਫਲੈਨਿੰਗਨਜ ਘੋਸਟ (Old Man Flannigan's Ghost), DnA ਅਤੇ ਦ ਰਾਉਡੀਮੈਨ (The Rowdymen) ਵੱਲੋਂ ਪਰਫੌਰਮੈਂਸੇਜ ਦੇ ਨਾਲ, ਮੇਜਬਾਨ ਰੇਬੇਕਾ ਪੇਰੀ (Rebecca Perry) ਦੇ ਨਾਲ ਜੁੜੋ।

**ਸਟੌਂਪ 'ਐਨ ਸਟੈਂਪੀਡ (Stomp 'N Stampede)**

13 ਅਗਸਤ, ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ

ਆਪਣੀ ਚਰਵਾਹਾ ਟੋਪੀ ਅਤੇ ਬੂਟ ਲਵੋ ਅਤੇ ਹੋ ਸਕੇ ਤਾਂ ਡਾਂਸਿੰਗ ਪਾਰਟਨਰ ਵੀ! ਇਸ ਗਰਮੀ, ਸਟੌਂਪ 'ਐਨ ਸਟੈਂਪੀਡ, ਕੰਟ੍ਰੀ ਦੀਆਂ ਸਾਰੀਆਂ ਚੀਜ਼ਾਂ ਦਾ ਜਸ਼ਨ ਮਨਾਉਣ ਲਈ ਗਾਰਡਨ ਸਕਵੇਅਰ ਵਿੱਚ ਵਾਪਸ ਆ ਗਿਆ ਹੈ! ਡੀ.ਜੇ. ਜੌਨੀ ਰਿਵੇਕਸ (Johnny Rivex) ਸਪਿਨਿੰਗ ਲਾਈਵ ਦਾ ਅਨੰਦ ਮਾਣੋ ਅਤੇ ਡਬਲ ਟ੍ਰਬਲ (Double Trouble) ਲਾਈਨ ਡਾਂਸਰਾਂ ਤੋਂ ਲਾਈਨ ਡਾਂਸਿੰਗ ਲੈਸਨਾਂ ਨਾ ਛੱਡੋ। ਪਰਫੌਰਮਰਾਂ ਦਾ ਪੂਰਾ ਲਾਈਨ ਅਪ ਜਲਦੀ ਆ ਰਿਹਾ ਹੈ!

**ਸਟਾਰਲਾਈਟ ਸੈਟਰਡੇ ਮੂਵੀਜ (Starlight Saturday Movies)**

ਕਿਸੇ ਦੋਸਤ ਨੂੰ ਨਾਲ ਲਵੋ, ਤਾਰੀਖ ਤੈਅ ਕਰੋ, ਕੰਬਲ ਜਾਂ ਕੁਰਸੀ ਲਵੋ ਅਤੇ ਗਾਰਡਨ ਸਕਵੇਅਰ ਵਿੱਚ, 2 ਅਤੇ 16 ਜੁਲਾਈ ਨੂੰ ਰਾਤ 9 ਵਜੇ, ਸਟਾਰਲਾਈਟ ਸੈਟਰਡੇ ਮੂਵੀਜ ਵਿੱਚ ਸ਼ਾਮਲ ਹੋਵੋ!

2 ਜੁਲਾਈ – ਨੋ ਟਾਈਮ ਟੂ ਡਾਈ (No Time to Die)

16 ਜੁਲਾਈ – ਦ ਬੈਟਮੈਨ (The Batman)

**ਮਾਰਕੀਟ ਸਕਵੇਅਰ ਪਾਰਕਿੰਗ ਗੈਰਾਜ (Market Square Parking Garage)**

ਸਿਟੀ ਆਫ ਬ੍ਰੈਂਪਟਨ, ਮਾਰਕੀਟ ਸਕਵੇਅਰ ਪਾਰਕਿੰਗ ਗੈਰਾਜ ਵਿੱਚ ਮੈਂਟੇਨੈਂਸ ਮੁਰੰਮਤ ਪੂਰੀ ਕੀਤੀ ਜਾਵੇਗੀ ਅਤੇ ਇਸਦੇ ਨਤੀਜੇ ਵਜੋਂ, ਇਸਨੂੰ 27 ਜੂਨ ਤੋਂ 22 ਜੁਲਾਈ, 2022 ਤੱਕ ਅਸਥਾਈ ਤੌਰ ਤੇ ਬੰਦ ਕਰ ਦਿੱਤਾ ਜਾਵੇਗਾ।

ਪਾਰਕਿੰਗ ਲਗਾਤਾਰ ਹੇਠਾਂ ਲਿਖੇ ਮਿਉਨਿਸਿਪਲ ਪਾਰਕਿੰਗ ਲੌਟਸ ਅਤੇ ਗੈਰਾਜਾਂ ਵਿਖੇ ਆਉਣ ਵਾਲਿਆਂ (ਵਿਜੀਟਰਸ) ਅਤੇ ਕਾਰੋਬਾਰੀਆਂ ਲਈ, ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਉਪਲਬਧ ਹੋਵੇਗੀ:

- ਜੌਨ ਸਟ੍ਰੀਟ ਪਾਰਕਿੰਗ ਗੈਰਾਜ, 16 ਜੌਨ ਸਟ੍ਰੀਟ (John Street Parking Garage, 16 John Street)
- ਸਿਟੀ ਹਾਲ ਪਾਰਕਿੰਗ ਗੈਰਾਜ, 2 ਵੈਲਿੰਗਟਨ ਸਟ੍ਰੀਟ ਵੈਸਟ (City Hall Parking Garage, 2 Wellington Street West)
- ਵੈਸਟ ਟਾਵਰ ਪਾਰਕਿੰਗ ਗੈਰਾਜ, 41 ਜੌਰਜ ਸਟ੍ਰੀਟ (West Tower Parking Garage, 41 George Street)
- ਨੈਲਸਨ ਸਕਵੇਅਰ ਪਾਰਕਿੰਗ ਗੈਰਾਜ, 9 ਡਿਪਲੌਕ ਲੇਨ (Nelson Square Parking Garage, 9 Diplock Lane)

- ਜੌਰਜ ਸਟ੍ਰੀਟ ਨੌਰਥ ਸਰਫੇਸ ਪਾਰਕਿੰਗ ਲੌਟ, 20 ਜੌਰਜ ਸਟ੍ਰੀਟ ਨੌਰਥ (George Street North Surface Parking Lot, 20 George Street North)

**ਹਵਾਲੇ**

"ਪਰਫੌਰਮਿੰਗ ਆਰਟਸ ਬ੍ਰੈਂਪਟਨ ਵਿੱਚ ਇਸ ਗਰਮੀ ਵਿੱਚ ਆਯੋਜਿਤ, ਲਾਈਵ ਸੰਗੀਤ, ਥਿਏਟਰ ਅਤੇ ਸੱਭਿਆਚਾਰਕ ਅਨੁਭਵਾਂ ਦਾ ਇੱਕ ਸਰਬੋਤਮ ਲਾਈਨਅਪ ਹੈ! ਜੇਕਰ ਤੁਸੀਂ ਸ਼ੈਕਸਪੀਅਰ ਸਬੰਧੀ ਕੁਝ ਦੇਖਣਾ ਚਾਹੁੰਦੇ ਹੋ, ਤਾਂ ਬ੍ਰੈਂਪਟਨ ਟ੍ਰਾਂਜ਼ਿਟ ਬੱਸ ਤੇ ਕਿਸੇ ਸ਼ੋਅ ਦਾ ਅਨੰਦ ਲਵੋ ਜਾਂ ਸਾਥੀ ਬ੍ਰੈਂਪਟਨਵਾਸੀਆਂ ਦੇ ਨਾਲ ਪਾਰਟੀ ਵਿੱਚ ਸ਼ਾਮਲ ਹੋਵੋ, ਇੱਥੇ ਹਰ ਕਿਸੇ ਦੇ ਅਨੰਦ ਮਾਣਨ ਲਈ ਕੁਝ ਨਾ ਕੁਝ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਸਾਡੇ ਬੇਜੋੜ ਸੱਭਿਆਚਾਰਕ ਅਨੁਭਵ, ਸਾਡੇ ਜੋਸ਼ੀਲੇ ਸ਼ਹਿਰ ਵਿੱਚ ਬਹੁਤ ਯੋਗਦਾਨ ਦਿੰਦੇ ਹਨ। ਪਰਫੌਰਮਿੰਗ ਆਰਟਸ ਬ੍ਰੈਂਪਟਨ ਨੇ ਨਿਵਾਸੀਆਂ ਅਤੇ ਆਉਣ ਵਾਲਿਆਂ ਦੇ ਅਨੰਦ ਮਾਣਨ ਲਈ, ਵੰਨ-ਸੁਵੰਨੇ ਸ਼ੋਅਜ ਅਤੇ ਕਾਰਜਕਰਮਾਂ ਨੂੰ ਇਕੱਠਾ ਕੀਤਾ ਹੈ। ਮੈਂ ਹਰ ਕਿਸੇ ਨੂੰ ਸਲਾਹ ਦਿੰਦੀ ਹਾਂ ਕਿ ਆਪਣੇ ਕੈਲੰਡਰਾਂ ਤੇ ਨਿਸ਼ਾਨ ਲਗਾਓ ਅਤੇ ਪੂਰੀ ਗਰਮੀ ਸਾਡੇ ਨਾਲ ਜੁੜੋ!"

- *ਰੋਏਨਾ ਸੈਨਟੌਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਜੁਲਾਈ ਤਿਓਹਾਰਾਂ ਦਾ ਮਹੀਨਾ ਹੈ, ਖਾਸ ਕਰਕੇ ਬ੍ਰੈਂਪਟਨ ਵਿੱਚ! ਪਰਫੌਰਮਿੰਗ ਆਰਟਸ, ਤੁਹਾਨੂੰ ਈਸਟ ਕੋਸਟ ਕਿਚਨ ਪਾਰਟੀ ਵਿੱਚ ਨਿਊਫਾਊਂਡਲੈਂਡ ਫਨ ਵਿੱਚ ਸ਼ਾਮਲ ਹੋਣ ਅਤੇ ਸਟੌਂਪ ਐਨ' ਸਟੈਂਪੀਡ ਵਿੱਚ ਤੁਹਾਡੇ ਵੈਸਟਰਨ ਮਨੋਰੰਜਨ ਲਈ ਸੱਦਾ ਦਿੰਦਾ ਹੈ। ਇਹ ਦੋਵੇਂ ਨਾ ਛੱਡਣ ਵਾਲੇ ਕਾਰਜਕਰਮ ਹਨ, ਜੋ ਗਾਰਡਨ ਸਕਵੇਅਰ ਵਿੱਚ ਹਰ ਗਰਮੀ ਵਿੱਚ ਹੁੰਦੇ ਹਨ। ਜੇਕਰ ਤੁਹਾਨੂੰ ਥੋੜ੍ਹੇ ਰੋਮਾਂਸ ਦੇ ਨਾਲ ਹਾਸਾ ਪਸੰਦ ਹੈ, ਤਾਂ ਸ਼ੈਕਸਪੀਅਰ ਦੇ *ਮਚ ਐਡੋ ਅਬਾਊਟ ਨਥਿੰਗ* ਲਈ, ਬ੍ਰੈਂਪਟਨ ਦੇ ਤਿੰਨ ਪਾਰਕਾਂ ਵਿੱਚੋਂ ਇੱਕ ਵਿੱਚ ਜਾਓ, ਜਿਸਨੂੰ ਬ੍ਰੈਂਪਟਨ ਦੇ ਐਕਟਰਾਂ ਦੇ ਜੋਸ਼ੀਲੇ ਟ੍ਰੂਪ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਇਸਤੋਂ ਇਲਾਵਾ ਕਾਰਾਬ੍ਰੈਮ ਨੂੰ ਨਾ ਭੁੱਲੋ! ਬ੍ਰੈਂਪਟਨ, ਇਹ ਜੁਲਾਈ ਹੈ – ਆਓ ਜਸ਼ਨ ਮਨਾਈਏ!"

- *ਸਟੀਵਨ ਸ਼ਿੱਪਰ (Steven Schipper), ਐਗਜੀਕਿਉਟਿਵ ਆਰਟਿਸਟਿਕ ਡਾਇਰੈਕਟਰ, ਪਰਫੌਰਮਿੰਗ ਆਰਟਸ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca